City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga twitter.com/citymississauga

# Mississauga ਦਾ 2026 ਦਾ ਬਜਟ ਮਨਜ਼ੂਰ ਕੀਤਾ ਗਿਆ

Mississauga ਟੈਕਸ ਵਾਧੇ ਨੂੰ ਮਹਿੰਗਾਈ ਤੋਂ ਘੱਟ ਰੱਖਦੇ ਹੋਏ, ਟ੍ਰਾਂਜ਼ਿਟ, ਐਨਫੋਰਸਮੈਂਟ, ਸੁਰੱਖਿਆ ਅਤੇ ਭਲਾਈ, ਅਤੇ ਇੰਫਰਾਸਟ੍ਰਕਟਰ ਵਿੱਚ ਨਿਵੇਸ਼ਾਂ ਨੂੰ ਤਰਜੀਹ ਦਿੰਦਾ ਹੈ।

Mississauga ਸਿਟੀ ਦਾ 2026 ਦਾ ਬਜਟ ਮਨਜ਼ੂਰ ਕਰ ਲਿਆ ਗਿਆ ਹੈ। ਇਹ ਬਜਟ ਪ੍ਰਾਪਰਟੀ ਟੈਕਸਾਂ ਨੂੰ ਕਿਫਾਇਤੀ ਬਣਾਏ ਰੱਖਣ ਲਈ ਕਮਿਊਨਿਟੀ ਦੀਆਂ ਤਰਜੀਹਾਂ ਨੂੰ ਪੂਰਾ ਕਰਦਾ ਹੈ, ਜਦਕਿ 200 ਤੋਂ ਵੱਧ ਸ਼ਹਿਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਜਾਰੀ ਰੱਖਦੇ ਹੋਏ, ਮਹੱਤਵਪੂਰਨ ਇੰਫਰਾਸਟ੍ਰਕਚਰ ਨੂੰ ਕਾਇਮ ਰੱਖਣ ਅਤੇ ਨਿਰਮਾਣ 'ਤੇ ਵੀ ਧਿਆਨ ਦਿੰਦਾ ਹੈ। 2026 ਦਾ ਬਜਟ ਇੱਕ ਸਹਿਯੋਗੀ ਪ੍ਰਕਿਰਿਆ ਸੀ, ਜਿਸ ਵਿੱਚ ਟੈਕਸਦਾਤਾਵਾਂ ਦੀਆਂ ਤਰਜੀਹਾਂ ਨਾਲ ਮੇਲ ਖਾਂਦੀਆਂ, ਸਿਟੀ ਦੇ ਸਟਾਫ ਅਤੇ ਲੀਡਰਸ਼ਿਪ ਦੀਆਂ ਸਿਫ਼ਾਰਸ਼ਾਂ ਸ਼ਾਮਲ ਸਨ। ਜਨਤਾ ਨੇ ਇੱਕ ਦਰਜਨ ਤੋਂ ਵੱਧ ਵਾਰਡ ਟਾਊਨਹਾਲਾਂ, ਬਜਟ ਕਮੇਟੀ (Budget Committee) ਦੀਆਂ ਮੀਟਿੰਗਾਂ ਅਤੇ ਸਿਟੀ ਦੇ ਹੋਰ ਮਾਧਿਅਮਾਂ ਰਾਹੀਂ ਫੀਡਬੈਕ ਪ੍ਰਦਾਨ ਕੀਤਾ।

## ਖਰਚਿਆਂ 'ਤੇ ਨਿਯੰਤਰਣ ਪਾਉਣ ਲਈ ਸੋਚੀ-ਸਮਝੀ ਕਾਰਵਾਈ

2026 ਦਾ ਬਜਟ ਬਣਾਉਂਦੇ ਸਮੇਂ, ਸਿਟੀ ਨੇ ਟੈਕਸਾਂ ਨੂੰ ਜਿੰਨਾ ਸੰਭਵ ਹੋ ਸਕੇ, ਘੱਟ ਰੱਖਣ ਲਈ ਟੈਕਸਦਾਤਾਵਾਂ ਦੀਆਂ ਬੇਨਤੀਆਂ ਨੂੰ ਸੁਣਿਆ। ਸਿਟੀ ਨੇ ਟੈਕਸ ਦੇ ਬੋਝ ਨੂੰ ਘਟਾਉਣ ਲਈ ਖਾਸ ਕਾਰਵਾਈਆਂ ਕੀਤੀਆਂ:

- ਖਰਚਿਆਂ ਨੂੰ ਟਾਲਣਾ, ਬਜਟਾਂ ਵਿੱਚ ਕਟੌਤੀ ਕਰਨਾ ਅਤੇ ਆਮਦਨ ਵਧਾਉਣਾ, ਤਾਂ ਜੋ 17.4 ਮਿਲੀਅਨ ਡਲਰ ਦੀ ਬੱਚਤ ਕੀਤੀ ਜਾ ਸਕੇ।
- ਕੈਪੀਟਲ ਇੰਫਰਾਸਟ੍ਰਕਚਰ ਐਂਡ ਡੈਟ ਰੀਪੇਮੈਂਟ ਲੇਵੀ (Capital Infrastructure & Debt Repayment Levy) ਵਿੱਚ ਇੱਕ ਸਾਲ ਲਈ ਤਿੰਨ ਪ੍ਰਤੀਸ਼ਤ ਤੋਂ ਇੱਕ ਪ੍ਰਤੀਸ਼ਤ ਤੱਕ ਦੀ ਕਟੌਤੀ। ਇਹ ਲੇਵੀ (ਲਾਗੂ ਕੀਤੀ ਫੀਸ) ਸੜਕਾਂ, ਪੁਲਾਂ, ਭਾਈਚਾਰਕ ਕੇਂਦਰਾਂ, ਪਾਰਕਾਂ ਆਦਿ ਦੀ ਸਾਂਭ-ਸੰਭਾਲ ਲਈ ਵਰਤੀ ਜਾਂਦੀ ਹੈ।
- ਇਹ ਯਕੀਨੀ ਬਣਾਉਂਦੇ ਹੋਏ ਕਿ ਫਾਇਰ ਸਟੇਸ਼ਨਾਂ ਅਤੇ ਅੱਗ ਬੁਝਾਉਣ ਵਾਲੇ ਉਪਕਰਣਾਂ ਦੀਆਂ ਜ਼ਰੂਰੀ ਮੁਰੰਮਤਾਂ ਜਾਰੀ ਰਹਿਣ, ਇੱਕ ਪ੍ਰਤੀਸ਼ਤ ਪਬਲਿਕ ਸੇਫਟੀ ਫਾਇਰ ਪ੍ਰੋਗਰਾਮ (Public Safety Fire Program) ਵਿੱਚ ਇੱਕ ਸਾਲ ਦਾ ਵਿਰਾਮ।

# 2026 ਦਾ ਬਜਟ ਮਨਜ਼ੂਰ ਕਰ ਲਿਆ ਗਿਆ ਹੈ – ਇੱਥੇ ਉਹ ਸਭ ਕੁਝ ਹੈ, ਜੋ ਤੁਹਾਨੂੰ ਜਾਣਨ ਦੀ ਲੋੜ ਹੈ

## ਕੁੱਲ ਟੈਕਸ ਪ੍ਰਭਾਵ

ਕਿਉਂਕਿ Mississauga ਰੀਜਨ ਆਫ ਪੀਲ (Region of Peel) ਦਾ ਹਿੱਸਾ ਹੈ, ਇਸ ਲਈ ਟੈਕਸਦਾਤਾਵਾਂ ਨੂੰ ਆਪਣੇ ਟੈਕਸ ਬਿਲ 'ਤੇ ਸਿਟੀ ਅਤੇ ਰੀਜਨਲ ਟੈਕਸ ਵਿੱਚ ਵਾਧਾ ਦੇਖਣ ਨੂੰ ਮਿਲੇਗਾ। 2026 ਲਈ, ਸ਼ਹਿਰ ਦੇ ਬਜਟ ਵਿੱਚ ਵਾਧਾ 4.39 ਪ੍ਰਤੀਸ਼ਤ ਹੈ, ਅਤੇ ਪ੍ਰਾਪਰਟੀ ਟੈਕਸ ਵਿੱਚ ਵਾਧੇ ਵਿੱਚ ਇਸਦਾ ਹਿੱਸਾ 1.61 ਪ੍ਰਤੀਸ਼ਤ ਹੈ, ਜੋ ਕਿ ਮਹਿੰਗਾਈ ਦੀ ਮੌਜੂਦਾ ਦਰ ਤੋਂ ਘੱਟ ਹੈ। ਜਦੋਂ ਸਿਟੀ ਦੇ ਹਿੱਸੇ ਨੂੰ ਰੀਜਨ ਆਫ ਪੀਲ ਦੇ

3.60 ਪ੍ਰਤੀਸ਼ਤ ਵਾਧੇ ਵਿੱਚ ਮਿਲਾਇਆ ਜਾਂਦਾ ਹੈ, ਤਾਂ 2026 ਲਈ ਕੁੱਲ ਪ੍ਰਾਪਰਟੀ ਟੈਕਸ ਵਾਧਾ 5.21 ਪ੍ਰਤੀਸ਼ਤ ਹੋ ਜਾਂਦਾ ਹੈ। ਇਹ 2025 ਵਿੱਚ ਕੀਤੇ ਗਏ ਵਾਧੇ ਨਾਲੋਂ ਚਾਰ ਪ੍ਰਤੀਸ਼ਤ ਘੱਟ ਹੈ। ਅਸਲ ਰਕਮਾਂ ਵਿੱਚ, ਇਹ ਤੁਹਾਡੇ ਘਰ ਦੇ ਹਰ 100,000 ਡਾਲਰ ਦੇ ਮੁਲਾਂਕਣ ਮੁੱਲ 'ਤੇ ਟੈਕਸਾਂ ਵਿੱਚ 53.91 ਡਾਲਰ ਦਾ ਵਾਧਾ ਹੈ। ਉਦਾਹਰਣ ਵਜੋਂ, ਜੇਕਰ ਘਰ 700,000 ਡਾਲਰ ਦਾ ਹੈ, ਤਾਂ 2026 ਲਈ ਕੁੱਲ ਪ੍ਰਾਪਰਟੀ ਟੈਕਸ ਵਾਧਾ 377.37 ਡਾਲਰ ਹੈ।

## ਸੇਵਾਵਾਂ ਅਤੇ ਸਹੀ ਨਿਵੇਸ਼ਾਂ ਰਾਹੀਂ ਮੁੱਲ ਪ੍ਰਦਾਨ ਕਰਨਾ

ਇਕੱਠੇ ਕੀਤੇ ਗਏ ਹਰ ਪ੍ਰਾਪਰਟੀ ਟੈਕਸ ਡਾਲਰ ਵਿੱਚੋਂ, ਸਿਟੀ ਆਪਣੇ ਕੋਲ ਸਿਰਫ਼ 37 ਸੈਂਟ ਰੱਖਦੀ ਹੈ, ਜਦਕਿ 48 ਸੈਂਟ ਪੁਲਿਸ ਅਤੇ ਹੋਰ ਜ਼ਰੂਰੀ ਸੇਵਾਵਾਂ ਲਈ ਰੀਜਨ ਆਫ ਪੀਲ (Region of Peel) ਨੂੰ ਜਾਂਦੇ ਹਨ, ਅਤੇ 15 ਸੈਂਟ ਸਿੱਖਿਆ ਲਈ Ontario ਸਰਕਾਰ ਨੂੰ ਜਾਂਦੇ ਹਨ। 2026 ਦੇ ਬਜਟ ਦੇ ਹਿੱਸੇ ਵਜੋਂ, ਸਿਟੀ ਦੇ 37 ਸੈਂਟਾਂ ਦੀ ਵਰਤੋਂ ਉੱਚ-ਗੁਣਵੱਤਾ ਵਾਲੇ ਪ੍ਰੋਗਰਾਮਾਂ, ਸੇਵਾਵਾਂ ਅਤੇ ਸਹੂਲਤਾਂ ਨੂੰ ਪ੍ਰਦਾਨ ਕਰਨ ਲਈ ਕੀਤੀ ਜਾਵੇਗੀ, ਜਿਹਨਾਂ ਵਿੱਚ ਸ਼ਾਮਲ ਹਨ:

## ਸੜਕ ਅਤੇ ਗੁਆਂਢ ਸਬੰਧੀ ਸੁਰੱਖਿਆ ਵਿੱਚ ਸੁਧਾਰ

- ਉੱਚ-ਤਰਜੀਹ ਵਾਲੇ ਖੇਤਰਾਂ ਵਿੱਚ ਸਰਗਰਮ ਲਾਗੂਕਰਨ ਵਿੱਚ ਸਹਾਇਤਾ ਲਈ ਬਾਇ-ਲਾਅ ਐਨਫੋਰਸਮੈਂਟ ਅਫਸਰਾਂ (By-law Enforcement) ਨੂੰ ਸ਼ਾਮਲ ਕਰਨਾ।
- ਪਲਾਨਿੰਗ ਐਂਡ ਬਿਲਡਿੰਗ (Planning & Building) ਵਿੱਚ ਸਮਰੱਥਾ ਵਧਾਉਣ ਅਤੇ ਵਿਕਾਸ ਮਨਜ਼ੂਰੀਆਂ ਨੂੰ ਸੁਚਾਰੂ ਬਣਾਉਣ ਲਈ ਸਟਾਫ਼ ਵਧਾਉਣਾ।
- ਸਰਦੀਆਂ ਦੀ ਸਾਂਭ-ਸੰਭਾਲ, ਜਿਸ ਵਿੱਚ ਸ਼ਹਿਰ-ਵਿਆਪੀ ਵਿੰਡਰੋ ਅਤੇ ਸਾਈਡਵਾਕ ਦੀ ਸਫਾਈ ਸ਼ਾਮਲ ਹੈ।
- ਸੜਕਾਂ, ਪੁਲਾਂ, ਪਾਰਕਾਂ, ਸਟੌਰਮਵਾਟਰ ਸਿਸਟਮਾਂ ਅਤੇ ਟ੍ਰੇਲਾਂ 'ਤੇ ਮਹੱਤਵਪੂਰਨ ਰੱਖ-ਰਖਾਅ ਦਾ ਕੰਮ।
- ਪੂਰੀ ਸਿਟੀ ਵਿੱਚ ਸੜਕਾਂ ਦੀ ਮੁਰੰਮਤ, ਜਿਸ ਵਿੱਚ ਨਾਈਨਥ ਲਾਈਨ (Ninth Line) ਚੌੜੀ ਕਰਨ ਦਾ ਪ੍ਰੋਜੈਕਟ ਸ਼ਾਮਲ ਹੈ।
- ਨਵੇਂ ਫਾਇਰ ਸਟੇਸ਼ਨਾਂ 127 (ਲੋਰਨ ਪਾਰਕ) (Lorne Park) ਅਤੇ 128 (ਨੌਰਥ ਲੇਕਵਿਊ) (North Lakeview) ਦਾ ਡਿਜ਼ਾਈਨ, ਦੋਵਾਂ ਨੂੰ 2029 ਵਿੱਚ ਖੋਲ੍ਹਣ ਦਾ ਟੀਚਾ ਹੈ।

## ਜੀਵੰਤ ਥਾਵਾਂ ਅਤੇ ਗ੍ਰੀਨ ਪਹਿਲਕਦਮੀਆਂ ਨੂੰ ਯਕੀਨੀ ਬਣਾਉਣਾ

- ਨਵੇਂ ਗਲੇਨਫੋਰੈਸਟ ਯੂਥ ਹੱਬ (Glenforest Youth Hub) ਦਾ ਨਿਰਮਾਣ, ਜਿਸਨੂੰ 2028 ਦੀ ਪਹਿਲੀ ਤਿਮਾਹੀ ਵਿੱਚ ਖੋਲ੍ਹਣ ਦਾ ਟੀਚਾ ਹੈ।
- ਸਾਊਥ ਕੌਮਨ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ (South Common Community Centre and Library) ਦੇ ਨਵੀਨੀਕਰਨ ਲਈ ਚੱਲ ਰਹੀ ਉਸਾਰੀ, ਜਿਸਦੇ 2027 ਦੇ ਅੰਤ ਤੱਕ ਨਵੀਆਂ ਸਹੂਲਤਾਂ ਜਿਵੇਂ ਕਿ ਇੱਕ ਨਵਾਂ ਐਕਵਾਟਿਕਸ ਸੈਂਟਰ, ਨਵਾਂ ਜਿਮਨੇਜ਼ੀਅਮ ਅਤੇ ਇੱਕ ਅੱਪਡੇਟ ਕੀਤੀ ਲਾਇਬ੍ਰੇਰੀ ਦੇ ਨਾਲ ਦੁਬਾਰਾ ਖੁੱਲ੍ਹਣ ਦੀ ਉਮੀਦ ਹੈ।
- ਪਾਰਕਲੈਂਡ ਅਤੇ ਹਾਈਬ੍ਰਿਡ ਬੱਸਾਂ ਦੀ ਖਰੀਦ (78 ਬੱਸਾਂ ਦੀ ਯੋਜਨਾ)।

### ਪਰਿਵਾਰਾਂ, ਨੌਜਵਾਨਾਂ ਅਤੇ ਬਜ਼ੁਰਗਾਂ ਦੀ ਸਹਾਇਤਾ ਕਰਨਾ

- ਹਰ ਉਮਰ ਅਤੇ ਯੋਗਤਾ ਵਾਲੇ ਵਿਅਕਤੀਆਂ ਲਈ ਮਨੋਰੰਜਨ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ।
- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਨਿਵਾਸੀਆਂ ਲਈ ਮੁਫ਼ਤ ਫਿਟਨੈਸ ਮੈਂਬਰਸ਼ਿਪ ਅਤੇ PRESTO ਦੀ ਵਰਤੋਂ ਕਰਨ ਵਾਲੇ ਬਜ਼ੁਰਗਾਂ ਅਤੇ 12 ਸਾਲ ਤੱਕ ਦੇ ਬੱਚਿਆਂ ਲਈ ਮੁਫ਼ਤ ਕਿਰਾਇਆ।
- ਹੜ੍ਹ ਦੀ ਰੋਕਥਾਮ ਅਤੇ ਰਾਹਤ ਸਹਾਇਤਾ।

ਹੋਰ ਵੇਰਵਿਆਂ ਲਈ, mississauga.ca/budget 'ਤੇ ਜਾਓ।

## ਬਜਟ ਕਮੇਟੀ ਦੀ ਮੀਟਿੰਗ ਦਾ ਰੀਕੈਪ

ਹੋਰ ਪਿਛੋਕੜ ਜਾਣਕਾਰੀ ਲਈ ਬਜਟ ਕਮੇਟੀ ਦੇ ਰੀਕੈਪ ਦੇਖੋ, ਜਿਸ ਵਿੱਚ ਸੇਵਾ ਖੇਤਰ ਪੇਸ਼ਕਾਰੀਆਂ ਦੇ ਲਿੰਕ ਸ਼ਾਮਲ ਹਨ:

- 20 ਜਨਵਰੀ ਦੀ ਬਜਟ ਕਮੇਟੀ ਦੀ ਮੀਟਿੰਗ ਦਾ ਰੀਕੈਪ (Recap of January 20 Budget Committee meeting)
- 13 ਜਨਵਰੀ ਦੀ ਸਵੇਰ ਦੀ ਬਜਟ ਕਮੇਟੀ ਦੀ ਮੀਟਿੰਗ ਦਾ ਰੀਕੈਪ (Recap of January 13 morning Budget Committee meeting)
- 13 ਜਨਵਰੀ ਦੀ ਸ਼ਾਮ ਦੀ ਬਜਟ ਕਮੇਟੀ ਦੀ ਮੀਟਿੰਗ ਦਾ ਰੀਕੈਪ (Recap of January 13 evening Budget Committee meeting)
- 12 ਜਨਵਰੀ ਦੀ ਬਜਟ ਕਮੇਟੀ ਦੀ ਮੀਟਿੰਗ ਦਾ ਰੀਕੈਪ (Recap of January 12 Budget Committee meeting)

## ਹਵਾਲੇ

"Mississauga ਦੇ ਵਸਨੀਕਾਂ ਨੇ 2026 ਦੇ ਬਜਟ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਖੁੱਲ੍ਹਾ ਫੀਡਬੈਕ ਦਿੱਤਾ, ਅਤੇ ਸਿਟੀ ਨੇ ਇਸਨੂੰ ਸੁਣਿਆ ਅਤੇ ਸਿਟੀ ਨੇ ਟੈਕਸ ਵਾਧੇ ਨੂੰ ਘੱਟ ਤੋਂ ਘੱਟ ਅਤੇ ਮਹਿੰਗਾਈ ਦੀ ਮੌਜੂਦਾ ਦਰ ਤੋਂ ਘੱਟ ਰੱਖ ਕੇ ਇਸਦਾ ਜਵਾਬ ਦਿੱਤਾ। ਇਹ ਸਮਝਦਾਰੀ ਭਰੇ, ਜ਼ਿੰਮੇਵਾਰ ਹੱਲਾਂ ਰਾਹੀਂ ਸੰਭਵ ਹੋਇਆ, ਜਿਵੇਂ ਕਿ ਬੱਚਤ ਅਤੇ ਕੁਸ਼ਲਤਾਵਾਂ ਲੱਭਣਾ, ਗੈਰ-ਜ਼ਰੂਰੀ ਨਿਵੇਸ਼ਾਂ ਨੂੰ ਰੋਕਣਾ ਅਤੇ ਇਸਨੂੰ ਸਿਟੀ ਦੀ ਮੌਜੂਦਾ ਮਜ਼ਬੂਤ ਆਰਥਿਕ ਸਥਿਤੀ ਦਾ ਸਮਰਥਨ ਪ੍ਰਾਪਤ ਹੈ। ਮੈਂ ਸਿਟੀ ਨੂੰ ਗਤੀਸ਼ੀਲ ਰੱਖਣ ਲਈ, ਬਜਟ 'ਤੇ ਉਹਨਾਂ ਦੀ ਸਰਗਰਮ ਸ਼ਮੂਲੀਅਤ ਲਈ, ਆਪਣੇ ਕਾਉਂਸਿਲ ਦੇ ਸਹਿਯੋਗੀਆਂ, ਸਿਟੀ ਦੇ ਸਟਾਫ, ਭਾਈਚਾਰਕ ਸਮੂਹਾਂ, ਕਾਰੋਬਾਰਾਂ ਅਤੇ ਵਸਨੀਕਾਂ ਦੇ ਧੰਨਵਾਦ ਕਰਨਾ ਚਾਹੁੰਦੀ ਹਾਂ।" – ਮੇਅਰ ਕੈਰੋਲਿਨ ਪੈਰਿਸ਼ (Carolyn Parrish)

"Mississauga ਦੀ ਵਧ ਰਹੀ ਆਬਾਦੀ, ਉੱਚ-ਗੁਣਵੱਤਾ ਵਾਲੀਆਂ ਸੇਵਾਵਾਂ, ਇੱਕ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਸ਼ਹਿਰ ਅਤੇ ਸਰਗਰਮ ਆਰਥਿਕ ਮੌਕਿਆਂ ਦੀ ਉਮੀਦ ਕਰਦੀ ਹੈ। 2026 ਦਾ ਬਜਟ ਹਰ ਪਾਸੇ ਤੋਂ ਇਸਤੇ ਖਰਾ ਉਤਰਦਾ ਹੈ ਅਤੇ ਸ਼ਹਿਰ ਦੀਆਂ ਰਣਨੀਤਕ ਤਰਜੀਹਾਂ ਨੂੰ ਹਾਸਲ ਕਰਨ ਨਾਲ ਮੇਲ ਖਾਂਦਾ ਹੈ। ਸਾਰੇ ਵਿਭਾਗਾਂ ਵਿੱਚ ਸਿਟੀ ਦੇ ਸਟਾਫ ਨੇ, ਇੱਕ ਅਜਿਹੇ ਬਜਟ ਲਈ ਪ੍ਰਭਾਵਸ਼ਾਲੀ ਢੰਗ ਨਾਲ ਸਹਿਯੋਗ ਕੀਤਾ ਹੈ, ਜੋ ਹਰ ਕਿਸੇ ਲਈ ਜੀਵਨ ਨੂੰ ਬਿਹਤਰ ਬਣਾਉਣ ਲਈ 200 ਤੋਂ ਵੱਧ ਪ੍ਰੋਗਰਾਮਾਂ ਅਤੇ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਦੇ ਹੋਏ, ਭਾਈਚਾਰੇ ਦੇ

ਟੈਕਸਾਂ ਨੂੰ ਘੱਟ ਰੱਖਣ ਦੀ ਇੱਛਾ 'ਤੇ ਖਰਾ ਉਤਰਦਾ ਹੈ।" – ਜੈਫ ਰਾਈਟ (Geoff Wright), ਸਿਟੀ ਮੈਨੇਜਰ ਅਤੇ ਚੀਫ ਐਡਮਿਨਿਸਟ੍ਰੇਟਿਵ ਅਫਸਰ

"ਕਈ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਸ਼ਹਿਰ ਨੇ ਇੱਕ ਅਜਿਹਾ ਬਜਟ ਤਿਆਰ ਕੀਤਾ ਹੈ, ਜੋ ਪ੍ਰਕਿਰਿਆ ਵਿੱਚ ਪਾਰਦਰਸ਼ੀ, ਪਹੁੰਚ ਵਿੱਚ ਰਣਨੀਤਕ ਹੈ ਅਤੇ ਸਾਡੀ ਮਜ਼ਬੂਤ ਵਿੱਤੀ ਸਥਿਤੀ ਨੂੰ ਬਰਕਰਾਰ ਰੱਖਦਾ ਹੈ। 2026 ਦਾ ਬਜਟ ਉਹਨਾਂ ਮੁੱਖ ਸੇਵਾਵਾਂ ਅਤੇ ਪ੍ਰੋਗਰਾਮਾਂ ਵਿੱਚ ਨਿਵੇਸ਼ ਕਰਦਾ ਹੈ, ਜਿਨ੍ਹਾਂ 'ਤੇ ਭਾਈਚਾਰਾ ਨਿਰਭਰ ਕਰਦਾ ਹੈ ਅਤੇ ਜਿਵੇਂ-ਜਿਵੇਂ ਸਾਡੇ ਸ਼ਹਿਰ ਅਤੇ ਅਰਥਚਾਰੇ ਦੇ ਵਿਸਤਾਰ ਅਤੇ ਪ੍ਰਭਾਵ ਵਿੱਚ ਵਾਧਾ ਹੁੰਦਾ ਹੈ, ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਬਰਕਰਾਰ ਰੱਖਣਾ ਜਾਰੀ ਰੱਖੇਗਾ।" – ਮਾਰੀਸਾ ਚਿਊ (Marisa Chiu), ਕਮਿਸ਼ਨਰ ਅਤੇ ਸਿਟੀ ਟ੍ਰੈਜਰਰ, ਕਾਰਪੋਰੇਟ ਸਰਵਿਸਿਜ